*Waheguru Ji Ka Khalsa,*
*Waheguru Ji Ki Fateh*

*Today's Hukamnama* *Tuesday 22-09-2026*

ਧਨਾਸਰੀ ਮਹਲਾ ੫ ॥

Dhanaasaree, Fifth Mehl:

ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ ॥

Body, mind, wealth and everything belong to Him; He alone is all-wise and all-knowing.

ਕੇਵਲ ਓਹੀ ਸਿਆਣਾ ਅਤੇ ਸਰਵੱਗ ਹੈ, ਜਿਸ ਦੀ ਮਲਕੀਅਤ ਹਨ ਸਾਡੀ ਦੇਹ, ਆਤਮਾ ਤੇ ਦੌਲਤ ਅਤੇ ਉਸੇ ਦਾ ਹੀ ਸਾਰਾ ਆਲਮ ਹੈ।

ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ ॥੧॥

He listens to my pains and pleasures, and then my condition improves. ||1||

ਜਦ ਉਹ ਮੇਰੀ ਖੁਸ਼ੀ ਤੇ ਗਮੀ ਸੁਣ ਲੈਂਦਾ ਹੈ, ਤਾਂ ਮੇਰੀ ਹਾਲਤ ਚੰਗੀ ਹੋ ਜਾਂਦੀ ਹੈ।

ਜੀਅ ਕੀ ਏਕੈ ਹੀ ਪਹਿ ਮਾਨੀ ॥

My soul is satisfied with the One Lord alone.

ਮੇਰੇ ਮਨ ਦੀ ਕੇਵਲ ਮੇਰੇ ਮਾਲਕ ਤੋਂ ਹੀ ਤਸੱਲੀ ਹੁੰਦੀ ਹੈ।

ਅਵਰਿ ਜਤਨ ਕਰਿ ਰਹੇ ਬਹੁਤੇਰੇ ਤਿਨ ਤਿਲੁ ਨਹੀ ਕੀਮਤਿ ਜਾਨੀ ॥ ਰਹਾਉ ॥

People make all sorts of other efforts, but they have no value at all. ||Pause||

ਬਹੁਤ ਸਾਰੇ ਹੋਰ ਉਪਰਾਲੇ ਲੋਕਾਂ ਨੇ ਕੀਤੇ ਹਨ, ਪਰ ਮੈਂ ਉਹਨਾਂ ਦਾ ਕਿਣਕਾ ਮਾਤਰ ਭੀ ਮੁੱਲ ਨਹੀਂ ਪਾਉਂਦਾ। ਠਹਿਰਾਓ।

ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥

The Ambrosial Naam, the Name of the Lord, is a priceless jewel. The Guru has given me this advice.

ਅੰਮ੍ਰਿਤ ਸਰੂਪ ਨਾਮ ਅਣਮੁੱਲਾ ਰਤਨ ਹੈ। ਗੁਰਾਂ ਨੇ ਮੈਨੂੰ ਇਹ ਮੰਤਰ ਪ੍ਰਦਾਨ ਕੀਤੀ ਹੈ।

ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ ॥੨॥

It cannot be lost, and it cannot be shaken off; it remains steady, and I am perfectly satisfied with it. ||2||

ਇਹ ਨਾਮ-ਮੰਤਰ ਨਾਂ ਗੁਆਚਦਾ ਤੇ ਨਾਂ ਹੀ ਡਕੋ-ਡੋਲੇ ਖਾਂਦਾ ਹੈ, ਸਗੋਂ ਅਸਥਿਰ ਰਹਿੰਦਾ ਹੈ

ਅਤੇ ਇਸ ਦੇ ਨਾਲ ਮੇਰੀ ਆਤਮਾ ਪੂਰੀ ਤਰ੍ਹਾਂ ਸੰਤੁਸ਼ਟ ਹੋ ਗਈ ਹੈ।

ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ ॥

Those things which tore me away from You, Lord, are now gone.

ਉਹ ਪਾਪ, ਜਿਹੜੇ ਮੈਨੂੰ ਤੇਰੇ ਨਾਲੋਂ ਪਾੜਦੇ ਹਨ, ਹੇ ਪ੍ਰਭੂ! ਹੁਣ ਵੁਨ੍ਹਾਂ ਦੀ ਗੱਲ ਜਾਂਦੀ ਰਹੀ ਹੈ।

ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥

When golden ornaments are melted down into a lump, they are still said to be gold. ||3||

ਜਦ ਸੋਨੇ ਦੇ ਗਹਿਣੇ ਪਿਘਲ ਕੇ ਇੱਕ ਰੈਣੀ ਬਣ ਜਾਂਦੇ ਹਨ, ਤਦ ਵੀ ਉਹ ਸੋਨਾ ਹੀ ਆਖੇ ਜਾਂਣੇ ਹਨ।

ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥

The Divine Light has illuminated me, and I am filled with celestial peace and glory; the unstruck melody of the Lord's Bani resounds within me.

ਨਿਰੰਕਾਰੀ ਨੂਰ ਮੇਰੇ ਉਤੇ ਨਾਜ਼ਲ ਹੋ ਗਿਆ ਹੈ, ਮੈਂ ਅਡੋਲਤਾ, ਆਰਾਮ ਤੇ ਪ੍ਰਭੂ ਦੀ ਕੀਰਤੀ ਨਾਲ ਭਰਪੂਰ ਹਾਂ ਅਤੇ ਬੈਕੁੰਠੀ–ਕੀਰਤਨ ਮੇਰੇ ਅੰਦਰ ਗੂੰਜਦਾ ਹੈ।

ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥੪॥੫॥

Says Nanak, I have built my eternal home; the Guru has constructed it for me. ||4||5||

ਗੁਰੂ ਜੀ ਆਖਦੇ ਹਨ, ਮੈਂ ਆਪਣੇ ਲਈ ਸਦੀਵੀ ਸਥਿਰ ਮੰਦਰ ਬਣਾ ਲਿਆ ਹੈ। ਗੁਰੂ ਜੀ ਨੇ ਇਸ ਨੂੰ ਬਣਾਇਆ ਹੈ।

ਅੰਗ ੬੭੧